# Phone call between Prime Minister ShriNarendraModi and Her Excellency MetteFrederiksen, Prime Minister of Denmark

May 14, 2020

---

## ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਡੈਨਮਾਰਕ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਮੇਟੀ ਫ੍ਰੇਡਰਿਕਸਨ ਵਿਚਾਲੇ ਹੋਈ ਫ਼ੋਨ 'ਤੇ ਗੱਲਬਾਤ

14 ਮਈ, 2020

ਪ੍ਰਧਾਨ ਮੰਤਰੀ ਨੇ ਅੱਜ ਡੈਨਮਾਰਕ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਮੇਟੀ ਫ੍ਰੇਡਰਿਕਸਨ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ COVID  -19 ਮਹਾਂਮਾਰੀ ਨਾਲ ਨਜਿੱਠਣ ਲਈ ਦੋਵਾਂ ਦੇਸ਼ਾਂ ਵੱਲੋਂ ਚੁੱਕੇ ਕਦਮਾਂ ਗਏ ਕਦਮਾਂ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਧਾਨ ਮੰਤਰੀ ਨੇ ਸੰਕ੍ਰਮਣਾਂ ਵਿੱਚ ਵਾਧਾ ਕੀਤੇ ਬਿਨਾਂ ਲਾਕਡਾਉਨ ਹਟਾਉਣ ਦੇ ਮਾਮਲੇ 'ਚ ਡੈਨਮਾਰਕ ਦੀ ਕਾਮਯਾਬੀ ਦੀ ਸ਼ਲਾਘਾ ਕੀਤੀ। ਇਸ ਗੱਲ 'ਤੇ ਸਹਿਮਤੀ ਹੋਈ ਕਿ ਭਾਰਤੀ ਅਤੇ ਡੈੱਨਮਾਰਕੀ ਮਾਹਰ ਇਕ ਦੂਜੇ ਦੇ ਤਜ਼ਰਬਿਆਂ ਤੋਂ ਸਿੱਖਣ ਲਈ ਆਪਸੀ ਸੰਪਰਕ ਵਿਚ ਰਹਿਣਗੇ।

ਦੋਨਾਂ ਨੇਤਾਵਾਂ ਨੇ ਭਾਰਤ-ਡੈਨਮਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀ ਸਾਂਝੀ ਇੱਛਾ ਦੁਹਰਾਈ ਅਤੇ COVID ਤੋਂ ਬਾਅਦ ਦੀ ਦੁਨੀਆ ਵਿੱਚ ਦੋਵੇਂ ਕਿਵੇਂ ਮਿਲਜੁਲ ਕੇ ਕੰਮ ਕਰਨ ਦੇ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਉਨ੍ਹਾਂ ਨੇ 12 ਮਈ, 2020 ਨੂੰ ਦੋਨਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਸਾਂਝੇ ਕਮਿਸ਼ਨ ਦੀ ਬੈਠਕ ਦੇ ਸਫਲ ਹੋਣ ਦਾ ਸਵਾਗਤ ਕੀਤਾ।

ਇਸ ਗੱਲ ਉੱਤੇ ਸਹਿਮਤੀ ਪ੍ਰਗਟਾਉਂਦੇ ਹੋਏ ਕਿ ਸਿਹਤ ਖੋਜ, ਸਾਫ਼ ਅਤੇ ਹਰੀ ਊਰਜਾ ਅਤੇ ਜਲਵਾਯੂ ਬਦਲਾਅ ਲਚਕਤਾ ਵਰਗੇ ਖੇਤਰਾਂ ਵਿੱਚ ਆਪਸੀ ਤੌਰ 'ਤੇ ਲਾਹੇਵੰਦ ਭਾਈਵਾਲੀ ਦੀ ਅਥਾਹ ਗੁੰਜਾਇਸ਼ ਹੈ, ਦੋਨਾਂ ਆਗੂਆਂ ਨੇ ਭਾਰਤ ਅਤੇ ਡੈਨਮਾਰਕ ਦਰਮਿਆਨ ਹਰੀ ਰਣਨੀਤਕ ਭਾਈਵਾਲੀ ਸਿਰਜਣ ਦੇ ਟੀਚੇ ਵੱਲ ਕੰਮ ਕਰਨ ਲਈ ਆਪਣੀ ਵਚਨਬੱਧਤਾ ਦਿੱਤੀ।

ਨਵੀਂ ਦਿਲੀ
14 ਮਈ, 2020

DISCLAIMER: This is an approximate translation. The original is available in English on MEA's website and may be referred to as the official press release.